ਮੀਤ-ਪਰਾਗਾ



ਮੀਤ ਅਨਮੋਲ

ਮੀਤ-ਪਰਾਗਾ

ਕਿਤਾਬ ਤੋਂ ਪਹਿਲੋਂ

ਅਨਮੋਲ ਮੀਤ ਦੀਆਂ ਕਵਿਤਾਵਾਂ ਵਿਚੋਂ ਹਾਜ਼ਰ ਹਨ ਕੁਝ ਕਵਿਤਾਵਾਂ, ਤੁਹਾਡੇ ਸੁਝਾਅ ਤੇ ਅਸ਼ੀਰਵਾਦੀ ਲਫ਼ਜ਼ਾਂ ਦੀ ਉਡੀਕ ਰਹੇਗੀ

ਮੀਤ ਅਨਮੋਲ

(**+91-8054469900**)

#310-ਓ, ਗਲੀ ਨੰ: **1**,ਬੰਦਾ ਸਿੰਘ ਬਹਾਦੁਰ ਕਲੋਨੀ,

ਰਾਹੋਂ ਰੋਡ, ਬਸਤੀ ਜੋਧੇਵਾਲ, ਲੁਧਿਆਣਾ - **141007**

ਰੰਗੀਨ ਉਜਾਲੇ

ਦੁਨੀਆਂ ਤੋਂ ਬੇਖ਼ਬਰ ਮੈਨੂੰ
ਹਨੇਰਿਆਂ 'ਚ ਰੋ ਲੈਣ ਦੇ
ਮੇਰੇ ਹੰਝੂਆਂ ਦੀ ਨੁਮਾਇਸ਼ ਲਈ
ਰੰਗੀਨ ਉਜਾਲੇ ਨਾ ਕਰ ।

ਦਰਦਾਂ ਨਾਲ ਪਾਕੇ ਪ੍ਰੀਤ ਮੈਂ
'ਕੱਲਿਆਂ ਰਹਿਣਾ ਸਿਖ ਲਿਆ
ਮਰ ਜਾਵਾਂਗਾ ਐਵੇਂ ਮੈਨੂੰ
ਭੀੜ੍ਹ ਦੇ ਹਵਾਲੇ ਨਾ ਕਰ ।

ਡਿੱਗ ਜਾਂਦੀਆਂ ਨੇ ਪਹਿਲੇ ਹੁਲਾਰੇ
ਤਾਂ ਇਨ੍ਹਾ ਤੋਂ ਹਟਵਾਂ ਬਹਿੰਦਾ ਹਾਂ
ਸੋਹਰਤ ਦੀਆਂ ਕੰਦਾਂ 'ਤੇ, ਮੇਰੇ ਲਈ
ਮਹਿਲ ਬਣਾਉਣ ਦੇ ਉਪਰਾਲੇ ਨਾ ਕਰ ।

ਬਣਨਾ ਨਹੀਂ ਚਾਹੁੰਦਾ ਮੈਂ ਕਿਸੇ
ਮਸ਼ਹੂਰ ਅਖਬਾਰ ਦੀ ਸੁਰਖੀ,
ਕੋਈ ਸਵਾਦੀ ਵਿਅੰਜਨ ਸਮਝਕੇ
ਮੇਰੀ ਜਿੰਦਗੀ 'ਚ ਮਸਾਲੇ ਨਾ ਭਰ ।

ਮੇਰੇ ਕੋਲ ਜਵਾਬਾਂ ਦੀ ਛੱਤਰੀ ਨਹੀਂ
ਹੇ ਸਮਾਜ ਦੇ ਪੜੇ ਲਿਖੇ ਬੱਦਲ,
ਸਵਾਲਾਂ ਦਾ ਤੇਜਾਬੀ ਮੀਂਹ ਪਾ ਕੇ
ਮੇਰੀ ਰੂਹ ਤੇ ਛਾਲੇ ਨਾ ਕਰ ।

ਮੈਂ ਨਹੀ ਚਾਹੁੰਦਾ ਮੇਰਾ ਦਰਦ
ਕਰੇ ਕਿਸੇ ਦਾ ਮਨੋਰੰਜਣ, ਮੀਤ
ਮੇਰੇ ਲਹੂ 'ਚ ਡੋਬ ਕੇ ਕਲਮ
ਐਵੇਂ ਕਿਤਾਬਾਂ ਰਸਾਲੇ ਨਾ ਭਰ ।

ਮੇਰੀ ਕਬਰ

ਦੋਸਤੋ,
ਬਣਾਉਣਾ ਮੇਰੀ ਕਬਰ
ਧੁੱਪ ਚ ਸੜਦੀ
ਏਸੇ ਜਮੀਨ ਅੰਦਰ
ਕਿਉਂਕਿ
ਜੋ ਦਿੰਦੇ ਸੀ ਛਾਂ
ਏਥੋਂ
ਓਹ ਰੁੱਖ
ਮੈਂ ਆਪ ਹੀ ਵੱਢੇ ਨੇ..

ਤੈਨੂੰ ਕੁਝ ਨਹੀਂ ਪਤਾ

ਤੈਨੂੰ ਕੀ ਪਤਾ
ਸਹਿਣਾ ਹੁੰਦੈ
ਕਿਨ੍ਹਾਂ ਔਖਾ
ਸ਼ਮਾਂ ਦੀ
ਫੜ੍ਹ ਫੜ੍ਹਾਉਂਦੀ
ਲੋਅ ਲਈ
ਸ਼ਮਾਂਦਾਨ ਦੇ ਟੁੱਟ ਕੇ
ਖਿਲਰ ਜਾਣ

ਦੀ ਪੀੜ੍ਹ ਨੂੰ

ਤੂੰ ਤੇ
ਆਪਣੇ ਵੇਗ
ਨਾਲ ਆਇਆ
ਤੇ ਸ਼ਮਾਂਦਾਨ
ਸੁੱਟ ਦਿੱਤਾ ਭੁਵਾਂਕੇ
ਖੂਬਸੂਰਤ ਦਿਸਦੇ
ਕਠੋਰ ਸੰਗੇਮਰਮਰ 'ਤੇ
ਤੇ ਬਿਨ੍ਹਾਂ ਮੁੜ੍ਹ ਪਿਛੇ ਦੇਖੇ
ਤੁਰ ਗਿਆ
ਕਿਸੇ ਹੋਰ
ਰੁਸ਼ਨਾਉਂਦੇ ਘਰ ਵੱਲ

ਤੂੰ ਰੁੱਕ ਕੇ ਕਦੇ
ਬੁਝ ਰਹੀ ਸ਼ਮਾਂ ਨੂੰ
ਟੁੱਟ ਕੇ ਖਿੱਲਰ ਗਏ
ਸ਼ਮਾਂਦਾਨ ਲਈ
ਵਿਲਕਦੇ ਨਹੀਂ ਵੇਖਿਆ
ਤੂੰ ਕਦੇ ਇਸ ਮਾਤਮ 'ਚ
ਸ਼ਰੀਕ ਨਹੀਂ ਹੋਇਆ

ਤੈਨੂੰ ਕੀ ਪਤਾ ਹੋਣੈ
ਕਿਸੇ ਦੇ ਘਰ ਨੂੰ
ਹਨੇਰਾ ਕਿਨ੍ਹੀਆਂ ਕੁ
ਟਿਚਰਾਂ ਕਰਦੈ
ਤੇ ਕਿਨ੍ਹੇਂ ਕੁ

ਉੱਲੂ ਆ ਬਹਿੰਦੇ ਨੇ ਬਨੇਰੇ 'ਤੇ
ਤੇ ਕਿੰਨੀਆਂ ਕੁ ਚਮਚੜਿਕਾਂ
ਆ ਚੰਬੜ ਦੀਆਂ ਨੇ
ਹਨੇਰੇ ਘਰ ਦੀ ਛੱਤ ਨਾਲ

ਤੈਨੂੰ ਕੁਝ ਨਹੀਂ ਪਤਾ
ਤੂੰ ਤਾਂ ਬਸ
ਹਵਾ ਦਾ ਝੋਕਾ ਏਂ ...

ਤੇਰੇ ਮੇਰੇ ਵਿਚਾਰ

ਉਂਝ ਵੀ
ਤੇਰੇ ਮੇਰੇ
ਵਿਚਾਰਾਂ ਦੇ
ਸੰਭੋਗ ਚੋਂ
ਬਹਿਸ ਹੀ
ਜੰਮਣੀ ਸੀ
ਇਸ ਲਈ ਹੁਣ
ਮੈਨੂੰ
ਅਫਸੋਸ ਨਹੀਂ ਕਿ
ਮੇਰੇ ਵਿਚਾਰਾਂ ਦੀ
ਕੁੱਖ ਬਾਂਝ ਹੈ
ਚੱਲ ਛੱਡ
ਹੁਣ ਆਪਾਂ
ਤੇਰੇ ਵਿਚਾਰਾਂ ਵਰਗਾ
ਸੋਹਣਾ ਜਿਹਾ
ਕੋਈ ਗੀਤ

ਗੋਦ ਲੈ ਲੈਂਦੇ ਹਾਂ.....

ਇਹ ਰਾਤ

ਬੜੀ ਮਨਹੂਸ
ਬੜੀ ਭਿਆਨਕ
ਹਾਦਸਿਆਂ ਭਰੀ
ਸਦਮਿਆਂ ਭਰੀ
ਇਹ ਰਾਤ ਹੈ
ਇਸ ਰਾਤ
ਪਹਿਲਾਂ,
ਮਤਲਬਖੋਰੀ ਡੈਮ ਦਾ ਪਾਣੀ
ਤੋੜ ਕੇ ਦੋਸਤੀ ਦੇ ਬੰਨ
ਲੈ ਗਿਆ ਰੋੜ੍ਹ
ਮੇਰੇ ਵਿਸ਼ਵਾਸ ਦੀ ਫਸਲ....
ਫਿਰ,
ਬਿਨਾ ਮੇਰੇ ਨਾ ਕੋਈ
ਨੋਟ ਲਿਖੇ
ਨਾਸਤਿਕਤਾ ਦੀ ਸਲਫਾਸ ਖਾਕੇ
ਮੇਰੇ ਰੱਬ ਨੇ
ਕਰ ਲਈ ਖੁਦਕੁਸ਼ੀ...
ਤੇ ਅਖੀਰ
ਮੀਤ ਵੀ ਬੇਦਾਵਾ ਦੇ ਕੇ
ਤੁਰ ਗਿਆ ਸੂਰਜ ਦੇ ਸ਼ਹਿਰ ਵੱਲ
ਮੈਨੂੰ ਖਿਆਲਾਂ ਦੇ ਪਿੰਡ 'ਚ
'ਕੱਲਾ ਛੱਡ ਕੇ
ਜਿਥੇ

ਇਸ ਰਾਤ ਤੋਂ ਡਰਿਆ ਹੋਇਆ
ਹੁਣ ਦਿਨ ਨਹੀ ਚੜਦਾ....

ਮੰਥਨ

(ਸ਼ਿਵ ਕੁਮਾਰ ਬਟਾਲਵੀ ਜੀ ਨੂੰ ਸੰਬੋਧਿਤ)
ਮੇਰੇ ਸਹਿਰ ਦੇ ਅਧੇ ਲੋਕ
ਬਣ ਗਏ ਨੇ ਦੇਵਤੇ
ਤੇ ਬਾਕੀ ਦੈਂਤ ਹੀ ਨੇ
ਅੱਜ ਜੋ
ਤੇਰੇ ਗੀਤਾਂ ਦੇ ਸਾਗਰ ਦਾ
ਕਰ ਰਹੇ ਨੇ ਮੰਥਨ
ਇਸ ਵਾਰ ਸ਼ੇਸ਼ਨਾਗ ਨਹੀਂ
ਸ਼ਾਇਦ ਕਿਸੇ ਪ੍ਰੇਮਿਕਾ ਦੀ ਚੁੰਨੀ ਹੈ
ਤੇ ਮਧਾਣੀ ਦੀ ਥਾਂ
ਮੰਦਰਾਂਚਲ ਪਰਵਤ ਵਾਂਗ ਅੱਟਲ
ਵਰਤਮਾਨ ਸਮੇਂ ਦੀ ਸੋਚ
ਮਿਲਾਪ ਦੇ ਕਟੋਰੇ 'ਚੋਂ
ਕਾਮ ਦਾ ਅਮ੍ਰਿਤ
ਤਾਂ ਸਾਰੇ ਹੀ ਪੀਣਾ ਚਾਹੁੰਦੇ ਨੇ
ਤੇ ਸਾਰੇ ਪੀ ਵੀ ਲੈਣਗੇ
ਪਰ ਹੇ ਸ਼ਿਵ !
ਬਿਰਹਾ ਦੇ ਘੜੇ 'ਚ ਭਰੇ
ਗਮਾਂ ਦੇ ਜਾਹਿਰ ਦਾ ਦਾਵੇਦਾਰ
ਤੇਰੇ ਤੋਂ ਬਗੈਰ ਹੋਰ ਕੋਈ ਵੀ ਨਹੀਂ ।

ਹੁਣ ਮੈਂ ਨਿਰਾਸ਼ਾਵਾਦੀ ਹਾਂ...

ਹੁਣ ਮੈਂ ਚਾਹੁੰਦਾ ਹਾਂ
ਕੀ ਖੁਦ ਨੂੰ
ਇਸ ਚੰਨ ਤੇ ਸੂਰਜ ਦੀ ਦੁਨੀਆ 'ਚੋਂ
ਪੂਰੀ ਤਰ੍ਹਾਂ ਸਮੇਟ
ਲੈ ਜਾਵਾਂ
ਉਸ ਕਾਲੀ ਸ਼ਾਹ ਹਨੇਰੀ ਦੁਨੀਆ 'ਚ
ਜਿਥੇ ਇਕ ਦੀਵਾ ਜਗਾਉਣ ਵੀ
ਪਾਪ ਹੋਵੇ

ਹੁਣ ਮੈਂ ਸੋਚਦਾ ਹਾਂ
ਗੁੰਗਾ ਹੋ ਜਾਵਾਂ
ਕਿਉਂਕਿ ਕਿਸੇ ਨਾਲ ਸਲਾਹੀਂ ਪੈਣ ਤੋਂ ਚੰਗਾ ਹੈ
ਚੁੱਪ ਰਹਿਣਾ
ਇਸ ਲਈ ਮੈਂ ਆਪਣੀ
ਬਹੁਤਾ ਬੋਲਣ ਵਾਲੀ ਜੁਬਾਨ
ਕੱਟ ਕੇ ਕਰਦਾ ਹਾਂ ਅਰਪਣ
ਆਪਣੇ ਦੋਸਤਾਂ ਨੂੰ

ਹੁਣ ਮੈਂ ਨਿਰਾਸ਼ਾਵਾਦੀ ਹਾਂ
ਮੇਰੀ ਆਸ਼ਾਵਾਦੀ ਸੋਚ ਨੇ
ਮੇਰੇ ਤੋਂ ਸਭ ਕੁਝ ਖੋ ਲਿਆ
ਮੇਰਾ ਰੱਬ, ਮੇਰਾ ਪਰਿਵਾਰ, ਮੇਰੇ ਦੋਸਤ, ਮੇਰਾ ਮੀਤ
ਤੇ ਹਾਂ ਮੇਰਾ ਆਪਣਾ ਆਪ
ਤੇ ਹੁਣ ਮੈਂ ਖਾਲੀ ਹਾਂ
ਇਸ ਲਈ

ਮੇਰੇ ਡਰ ਨੇ ਮੈਨੂੰ ਰੋਕੀ ਰੱਖਿਆ –

ਮੇਰੇ ਬੇਰੋਜ਼ਗਾਰ ਪੋਟਿਆਂ ਦਾ
ਤੈਜ਼ਾਬੀ ਮੁੜ੍ਹਕਾ
ਕਰ ਨਾ ਦੇਵੇ ਛਾਲੇ
ਮੇਰੇ ਇਸ ਡਰ ਨੇ
ਸਾਰੀ ਉਮਰ ਮੈਨੂੰ
ਤੇਰੀ ਬਾਂਹ
ਫੜ੍ਹਨ ਤੋਂ ਰੋਕੀ ਰੱਖਿਆ ।

ਮੇਰੇ ਬੇਬਸ ਹੋਕਿਆਂ ਦੀ
ਜਹਰੀਲੀ ਹਵਾੜ੍ਹ
ਘੁੱਲ ਨਾ ਜਾਵੇ
ਤੇਰੇ ਸਾਹਾਂ 'ਚ
ਮੇਰੇ ਇਸ ਡਰ ਨੇ
ਸਾਰੀ ਉਮਰ ਮੈਨੂੰ
ਤੈਨੂੰ
ਚੁੰਮਣ ਤੋਂ ਰੋਕੀ ਰੱਖਿਆ ।

ਮੇਰੀ ਹਿੱਕ 'ਚ ਬਲਦੀ
ਬੁਜਦਿਲੀ ਦੀ ਅੱਗ ਦਾ ਸੇਕ
ਸਾੜ੍ਹ ਨਾ ਦੇਵੇ
ਤੇਰੇ ਦਿਲ ਵਿਚਲੇ ਅਰਮਾਨ ਵੀ
ਮੇਰੇ ਇਸ ਡਰ ਨੇ
ਸਾਰੀ ਉਮਰ ਮੈਨੂੰ

ਤੈਨੂੰ ਆਪਣੀਆਂ ਬਾਹਾਂ 'ਚ
ਭਰ ਲੈਣ ਤੋਂ ਰੋਕੀ ਰੱਖਿਆ ।

ਮੇਰੀ ਬਦਨਾਮ ਕਲਮ ਹਥੋਂ
ਮੇਰੀਆਂ ਮੁੰਹ-ਫੱਟ ਨਜ਼ਮਾਂ 'ਚ
ਹੋ ਨਾ ਜਾਵੇ ਦਾਗੀ
ਮੇਰੇ ਇਸ ਡਰ ਨੇ
ਸਾਰੀ ਉਮਰ ਮੈਨੂੰ
ਆਪਣੇ ਕਾਗਜਾਂ 'ਤੇ ਤੇਰਾ ਪਾਕ ਨਾਂ
ਲਿੱਖਣ ਤੋਂ ਰੋਕੀ ਰੱਖਿਆ ।

ਮੀਤ

ਤੇਰੇ ਨਾਂ ਦੇ ਸਿਰਲੇਖ ਹੇਠਾਂ
ਇਹ ਨਜ਼ਮ ਜੋ ਮੈਂ ਲਿਖ ਰਿਹਾ ਹਾਂ
ਨਹੀਂ,
ਇਹ ਨਜ਼ਮ ਜੋ ਮੈਂ ਜੀਅ ਰਿਹਾ ਹਾਂ
ਸ਼ਾਇਦ
ਚੰਦ ਪੰਕਤੀਆਂ 'ਚ ਹੀ ਸਿਮਟ ਜਾਵੇ
ਕਿਉਂ ਕਿ
ਇਸਦੇ ਹਰਫ਼ ਬਹੁਤ ਮਹਿੰਗੇ ਨੇ
ਸਾਹਾਂ ਜਿੰਨੇ
ਤੇ ਸਾਹ ਬਹੁਤ ਥੋੜੇ ਨੇ
ਸ਼ਾਇਦ
ਚੰਦ ਪੰਕਤੀਆਂ ਜੋਗੇ..

ਵਜੂਦ

ਨਿਕਲਿਆ
ਜੋ ਮੈਂ
ਤੇਰੇ ਤੋਂ ਵੱਖ
ਆਪਣਾ
ਵਜੂਦ ਲੱਭਣ
ਜਿੰਦਗੀ
ਮੁੱਕਣ ਤੇ ਹੈ
ਪਰ
ਮੈਂ
ਅਜੇ ਵੀ
ਸਫ਼ਰ ਚ ਹਾਂ

ਪਰੀ

ਇੱਕ ਪਰੀ ਮੇਰੇ ਸੁਪਨੇ ਦੇ ਵਿਚ
ਸਰਘੀ ਵੇਲੇ ਆਈ ਸੀ ।
ਤੇਰੇ ਵਰਗਾ ਮੁੱਖ ਸੀ ਓਹਦਾ,
ਜਿਵੇਂ ਤੇਰੀ ਮੇਰੀ ਜਾਈ ਸੀ ।

ਮੇਰੇ ਵਰਗੀਆਂ ਅੱਖਾਂ ਦੇ ਵਿਚ
ਤੇਰੇ ਵਰਗੀ ਤੱਕਣੀ ਸੀ ।
ਰੰਗ ਓਹਦਾ ਪਰ ਤੇਰੇ ਵਰਗਾ
ਕਣਕ ਜਿਵੇਂ ਅਜੇ ਪੱਕਣੀ ਸੀ ।
ਓਹਨੂੰ ਤੱਕ ਤੇਰੀ ਹੀ ਲੱਗੇ
ਸੂਰਤ ਕਾਗਜ਼ ਉੱਤੇ ਵਾਈ ਸੀ ।

ਇੱਕ ਪਰੀ ਮੇਰੇ ਸੁਪਨੇ ਦੇ ਵਿਚ
ਸਰਘੀ ਵੇਲੇ ਆਈ ਸੀ ।

ਆਪਣੀ ਹੀ ਰੂਹ ਦਾ ਮੈਨੂੰ
ਅਕਸ ਜਿਹਾ ਜਾਪ ਰਹੀ ਸੀ ।
ਓਹ ਵੀ ਰਟ ਕੋਈ ਤੇਰੇ ਵਾਲੀ
ਲੱਗਿਆ ਮੈਨੂੰ ਅਲਾਪ ਰਹੀ ਸੀ ।
ਜੋ ਤੇਨੂੰ ਗਾਨੀ ਦਿੱਤੀ ਸੀ ਮੈਂ,
ਓਹਨੇ ਗਲ ਵਿਚ ਪਾਈ ਸੀ ।
ਇੱਕ ਪਰੀ ਮੇਰੇ ਸੁਪਨੇ ਦੇ ਵਿਚ
ਸਰਘੀ ਵੇਲੇ ਆਈ ਸੀ ।

ਪਤਲੀਆਂ ਪਤਲੀਆਂ ਬੁੱਲਿਆਂ ਦੇ ਵਿਚ
ਕੋਈ ਕਵਿਤਾ ਮੇਰੀ ਗਾ ਰਹੀ ਸੀ ।
ਮੈਨੂੰ ਆਖਰੀ ਮੁਲਾਕਾਤ ਵਾਲੀ,
ਤੇਰੀ ਸੂਰਤ ਚੇਤੇ ਆ ਰਹੀ ਸੀ ।
ਤੇਰੇ ਵਾਂਗਾਂ ਜਿੱਦੀ, ਉਠ ਉਠ ਜਾਂਦੀ,
ਮੈਂ ਘੂਰੀ ਨਾਲ ਬਠਾਈ ਸੀ ।
ਇੱਕ ਪਰੀ ਮੇਰੇ ਸੁਪਨੇ ਦੇ ਵਿਚ
ਸਰਘੀ ਵੇਲੇ ਆਈ ਸੀ ।

ਮੇਰਾ ਓਹਦਾ, ਓਹਦਾ ਤੇਰਾ,
ਅਜੇ ਨਾਤਾ ਚਾਹੇ ਸਾਫ਼ ਨਹੀਂ ।
ਸੁਪਨੇ ਦੇ ਵਿਚ ਧੀ ਦਾ ਜੰਮਣਾ,
ਪਰ ਸ਼ਾਇਦ ਕੋਈ ਪਾਪ ਨਹੀਂ ।
ਇਸ ਲਈ ਆਪਣੀ ਧੀ ਕਹਿ ਕੇ,
ਮੈਂ ਉਹ ਸੀਨੇ ਦੇ ਨਾਲ ਲਾਈ ਸੀ ।

ਇੱਕ ਪਰੀ ਮੇਰੇ ਸੁਪਨੇ ਦੇ ਵਿਚ
ਸਰਘੀ ਵੇਲੇ ਆਈ ਸੀ ।

ਸ਼ਹਿਰ ਕਿ ਜੰਗਲ –

ਜੰਗਲਾਂ ਵੱਲ ਸ਼ਹਿਰ ਜਾ ਰਿਹਾ ।
ਜਾਂ ਸ਼ਹਿਰਾਂ ਵੱਲ ਜੰਗਲ ਆ ਰਿਹਾ ।
ਕਦੇ ਇਥੇ ਇਨਸਾਨ ਵੱਸਦੇ ਸਨ,
ਅੱਜ ਜੰਗਲ ਬਣੇ, ਇਸ ਸ਼ਹਿਰ ਦਾ ਮੈਂ ਕਿ ਕਰਾਂ?

ਮਝਾਂ ਗਾਵਾਂ ਮਰ ਰਹੀਆਂ ਨੇ ।
ਤਾਂ ਹੀ ਇੱਲਾਂ ਉਡਾਰੀ ਭਰ ਰਹੀਆਂ ਨੇ ।
ਦਿਖੇ ਕੋਈ ਬੋਟ ਕਿ ਬੋਚ ਕੇ ਖਾ ਜਾਵਣ,
ਬਾਜਾਂ ਦੇ ਇਸ ਕਹਿਰ ਦਾ ਮੈਂ ਕਿ ਕਰਾਂ ?

ਹੁੰਦਾ ਇਨਸਾਨ ਤਾਂ ਦੇਖ ਕੇ ਲੰਘਦਾ ।
ਫਸਲ ਨੂੰ ਉਝਾੜਨ ਤੋਂ ਸੰਗਦਾ ।
ਇਹ ਤਾਂ ਹੈ ਜੰਗਲੀ ਕੁੱਤਿਆਂ ਦਾ ਝੁੰਡ,
ਅਵਾਜ਼ ਦਿੱਤੇ ਵੀ ਨਾ ਠਹਿਰਦਾ ਮੈਂ ਕਿ ਕਰਾਂ ?

ਇੱਕ ਅੱਖ ਵਿਚ ਹੁੰਦੇ ਮੁੱਕ ਜਾਂਦੇ ।
ਦੋ ਚਾਰ ਹੁੰਦੇ ਹੰਝੂ ਸੁੱਕ ਜਾਂਦੇ ।
ਪਰ ਘਰ ਘਰ ਵਿਚ ਹੰਝੂਆਂ ਦੀ
ਬੰਨ੍ਹ ਤੋੜ੍ਹ ਵਗਦੀ, ਨਹਿਰ ਦਾ ਮੈਂ ਕਿ ਕਰਾਂ ?

ਝੱਟ ਪੱਟ ਜੇ ਮਾਰ ਦਿੰਦਾ ।
ਬੇਝਿਜਕ ਹੱਸਕੇ ਮੈਂ ਪੀ ਲੈਂਦਾ ।

ਮੀਤ, ਪਰ ਤਰਸਾ ਤਰਸਾ ਕੇ ਮਾਰਦੇ
ਮਿੱਠੇ ਜਹੇ, ਇਸ ਜ਼ਹਿਰ ਦਾ ਮੈਂ ਕਿ ਕਰਾਂ ?

ਗ਼ਜ਼ਲ

ਸੋਚਦਾ ਹਾਂ ਆਪਣੀ ਕੋਈ ਪਹਿਚਾਣ ਛੱਡ ਦੇਵਾਂ ।
ਕਿ ਮਿੱਟਣ ਤੋਂ ਪਹਿਲਾਂ ਕੋਈ ਨਿਸ਼ਾਨ ਛੱਡ ਦੇਵਾਂ ।
ਵੱਸ ਜਾਵਾਂ ਆਪਣੀ ਤੰਹਾਈ ਸੰਗ ਕਿਤਾਬਾਂ 'ਚ,
ਸ਼ੋਰ ਸ਼ਰਾਬੇ ਭਰਿਆ ਤੇਰਾ ਜਹਾਨ ਛੱਡ ਦੇਵਾਂ ।
ਦੁਨੀਆ ਮਸ਼ਰੂਫ ਏ, ਫਰੇਬ ਦੇ ਕਾਰੋਬਾਰ ਵਿਚ,
ਘਾਟੇ 'ਚ ਚਲਦੀ ਵਫ਼ਾ ਦੀ ਦੁਕਾਨ ਛੱਡ ਦੇਵਾਂ ।
ਤੂੰ ਏਸੇ ਤਰ੍ਹਾਂ ਆਪਨੇ ਸਨਮਾਣ ਤੇ ਕਾਇਮ ਰਹੀਂ,
ਮੈਨੂੰ ਚਾਹੀਦੈ ਆਪਣੀ ਖੋਖਲੀ ਸ਼ਾਨ ਛੱਡ ਦੇਵਾਂ ।
ਇਥੇ ਮੋਅ ਕੇ ਸੜ੍ਹੀਆਂ ਨੇ ਮੇਰੀਆਂ ਕਈ ਸੱਦਰਾਂ,
ਜੀਅ ਕਰਦੈ ਜੀਂਦੇ ਜੀਅ ਸ਼ਮਸ਼ਾਨ ਛੱਡ ਦੇਵਾਂ ।
ਮੀਤ, ਤੇਰੇ ਸ਼ਹਿਰ ਵਾਲਾ ਮਕਾਨ ਛੱਡ ਦੇਵਾਂ ।

ਗ਼ਜ਼ਲ

ਤੀਰ ਨਾ ਬਣ ਜਾਵੇ ਸ਼ਮਸ਼ੀਰ ਨਾ ਬਣ ਜਾਵੇ ।
ਅੱਖਾਂ 'ਚੋ ਵਹਿੰਦਾ ਕਿਤੇ ਨੀਰ ਨਾ ਬਣ ਜਾਵੇ ।
ਲੁੱਕ ਲੁੱਕ ਕੇ ਕਰ ਸੱਜਣਾ ਰੌਲਾ ਨਾ ਪਾ ਐਵੇਂ,
ਸਾਡਾ ਇਸ਼ਕ? ਕਿਸੇ ਅੱਖ ਦਾ ਟੀਰ ਨਾ ਬਣ ਜਾਵੇ ।
ਹਸਦਾ ਖੇਡਦਾ ਰਹਿ, ਤੂੰ ਰੰਗ ਮਨ ਜਮਾਨੇ ਦੇ,
ਮੇਰਾ ਇਸ਼ਕ? ਤੇਰੇ ਪੈਰੀਂ ਜੰਜੀਰ ਨਾ ਬਣ ਜਾਵੇ ।
ਚਿੱਤਰਕਾਰ ਹੋਕੇ ਦੂਰ ਰਹਿੰਦਾ ਹਾਂ ਰੰਗਾਂ ਤੋਂ,
ਡਰਦਾ ਹਾਂ ਕਿ ਤੇਰੀ ਤਸਵੀਰ ਨਾ ਬਣ ਜਾਵੇ ।

ਕਰ ਮੇਰੇ ਨਾਲ ਹੱਸ ਕੇ ਕੋਈ ਗੱਲ ਕਿ ਇਹ,
ਤੇਰੀ ਬੇਰੁਖੀ ਮੇਰੀ ਤਕਦੀਰ ਨਾ ਬਣ ਜਾਵੇ ।
ਮੀਤ, ਬਹਿ ਮਸਲਾ ਦਿਲ ਦਾ ਹੱਲ ਕਰ ਲਈਏ,
ਏ ਦਰਦ ਮੁਹੱਬਤ ਦਾ ਕਸ਼ਮੀਰ ਨਾ ਬਣ ਜਾਵੇ ।

ਮੀਤ ਅਨਮੋਲ (+91_8054469900)
#310–ਓ, ਗਲੀ ਨੰ: 1,ਬੰਦਾ ਸਿੰਘ ਬਹਾਦੁਰ ਕਲੋਨੀ,
ਰਾਹੋਂ ਰੋਡ, ਬਸਤੀ ਜੋਧੇਵਾਲ, ਲੁਧਿਆਣਾ – 141007

PRINTED BOOKS

From :
Miit Anmol, 310-O, St. no. 1, Banda bahadur Colony,
Rahon Road, Basti Jodhewal, Ludhiana 141007